ਰੀਵੀਜ਼ਨਲ ਸਿਵਲ

ਜਸਟਿਸ ਡੀ. ਫਲਸ਼ੌ ਅਗੇ

ਸ਼ਿਵ ਸਿੰਘ, - ਪਟੀਸ਼ਨਰ

ਬਨਾਮ

ਹੰਸ ਰਾਜ ਨਈਅਰ,-ਜਵਾਬਦਾਤਾ।     ਜਨਵਰੀ 6, 1961

1960 ਦੀ ਸਿਵਲ ਰਿਵੀਜ਼ਨ ਨੰਬਰ 560-ਡੀ.

ਦਿੱਲੀ ਦੁਕਾਨਾਂ ਅਤੇ ਸਥਾਪਨਾ ਐਕਟ (1954 ਦਾ VII) - ਸੈਕਸ਼ਨ 21—ਆਰਡਰ ਦੇ ਤਹਿਤ—ਕੀ  ਹਾਈ ਕੋਰਟ ਸੰਸ਼ੋਧਨ ਕਰ ਸਕਦਾ ਹੈ- ਅਜਿਹੇ ਆਦੇਸ਼ ਦੇ ਵਿਰੁੱਧ ਉਪਾਅ ਦਾ ਸੰਕੇਤ ਦਿੱਤਾ ਗਿਆ ਹੈ।

1961 ------------- ਜਨਵਰੀ, 6.

ਹੇਲਡ, ਦਿੱਲੀ ਦੀਆਂ ਦੁਕਾਨਾਂ ਅਤੇ ਅਦਾਰਿਆਂ ਐਕਟ, 1954, ਤਹਿਤ, ਇਸ ਵਿੱਚ ਕਿਸੇ ਲਈ ਵੀ ਅਪੀਲ ਜਾਂ ਸੰਸ਼ੋਧਨ ਦੀ ਕੋਈ ਵੀ ਵਿਵਸਥਾ ਨਹੀਂ ਹੈ  ਅਤੇ ਜ਼ਾਹਰ ਤੌਰ 'ਤੇ ਰੋਕਣ ਲਈ ਕੁਝ ਵੀ ਨਹੀਂ ਹੈ , ਐਕਟ ਦੁਆਰਾ ਕਵਰ ਕੀਤਾ ਗਿਆ ਕੋਈ ਵੀ ਵਿਅਕਤੀ, ਜਿਸਦਾ ਦਾਅਵਾ ਹੈ, ਤੋਂ ਇੱਕ ਆਮ ਸਿਵਲ ਮੁਕੱਦਮੇ ਦੇ ਜ਼ਰੀਏ ਇਸਨੂੰ ਲਾਗੂ ਕਰਨ ਤੋਂ ਕੋਈ ਨਹੀਂ ਰੋਕ ਸਕਦਾ । ਅਥਾਰਿਟੀ ਵਲੋਂ ਐਕਟ ਦੇ ਸੈਕਸ਼ਨ 21 ਵਿਚ ਪਾਸ ਕੀਤੇ ਗਏ ਕਿਸੇ ਵੀ ਆਰਡਰ ਦੇ ਖਿਲਾਫ ਕੋਈ ਵੀ ਰੀਵੀਜ਼ਨ,  ਧਾਰਾ 115  ਸਿਵਲ ਪ੍ਰੋਸੀਜਰ ਕੋਡ ਜਾਂ ਪੰਜਾਬ ਦੀ ਧਾਰਾ 44 ਅਦਾਲਤਾਂ ਐਕਟ ਅਧੀਨ ਅਥਾਰਟੀ ਦੇ ਸਮਰੱਥ ਨਹੀਂ ਹੋ  ਸਕਦੀ, ਕਿਉਂ ਕੇ ਐਕਟ ਅਧੀਨ ਅਥਾਰਟੀ  ਹਾਈ ਕੋਰਟ ਦੇ ਅਧੀਨ ਦੀਵਾਨੀ  ਅਦਾਲਤ ਨਹੀਂ ਹੈ । ਅਥਾਰਟੀ ਦਾ ਹੁਕਮ ਅਥਾਰਟੀ ਨੂੰ ਸੰਵਿਧਾਨ ਦੇ ਆਰਟੀਕਲ 226 ਜਾਂ 227 ਅਧੀਨ ਕਿਸੇ ਵੀ ਪਟੀਸ਼ਨ ਰਾਹੀਂ ਹੀ ਚੁਣੌਤੀ ਦਿੱਤੀ ਜਾ ਸਕਦੀ ਹੈ , ਸਰਤੀਓਰਾਰੀ ਰਾਹੀਂ , ਅਤੇ ਅਜਿਹੀ ਪਟੀਸ਼ਨ ਲਈ ਅਥਾਰਟੀ ਇੱਕ ਜ਼ਰੂਰੀ ਧਿਰ ਹੈ।

ਅਨੁਵਾਦਕ ਸੁਖਪਾਲ ਕੌਰ

ਭਾਰਤ ਦੇ ਸੰਵਿਧਾਨ ਦੀ ਧਾਰਾ 227 ਦੇ ਤਹਿਤ ਪਟੀਸ਼ਨ, ਲਈ ਸ੍ਰੀ ਕੇ. ਐੱਸ ਸਿੰਧੂ, ਅਥਾਰਟੀ, ਦਿੱਲੀ ਦੁਕਾਨਾਂ ਅਤੇ ਸਥਾਪਨਾ ਐਕਟ, ਦੇ ਆਦੇਸ਼, ਮਿਤੀ 18 ਨਵੰਬਰ 1960

ਦੀ ਸੋਧ ਦੀ ਅਰਜ਼ੀ ਨੂੰ ਫਜ਼ੂਲ ਕਰਾਰ ਦਿੰਦੇ ਹੋਏ, ਖਾਰਜ ਕੀਤਾ ਗਯਾ ।

ਪਟੀਸ਼ਨਰ ਵੱਲੋਂ ਕੇਵਲ ਰਾਮ, ਐਡਵੋਕੇਟ।
ਬੀ.ਆਰ. ਮਲਿਕ, ਐਡਵੋਕੇਟ, ਜਵਾਬਦੇਹ ਲਈ।

ਆਰਡਰ

ਫਾਲਸ਼ੌ, ਜੇ.—ਇਹ ਸ਼ਿਵ ਸਿੰਘ ਦੁਆਰਾ ਦਾਇਰ ਕੀਤੀ ਗਈ ਇੱਕ ਸੋਧ ਪਟੀਸ਼ਨ ਹੈ, ਦਿੱਲੀ ਦੁਕਾਨਾਂ ਅਤੇ ਸਥਾਪਨਾ ਐਕਟ 1954 ਤਹਿਤ ਨਿਯੁਕਤ ਕੀਤੀ ਗਈ ਅਥਾਰਟੀ ਦੇ ਹੁਕਮਾਂ ਨੂੰ ਚੁਣੌਤੀ ਦਿੰਦੇ ਹੋਏ, ਐਕਟ ਦੀ ਧਾਰਾ 21 ਅਧੀਨ ਉਸ ਦੀ ਪਟੀਸ਼ਨ ਨੂੰ ਖਾਰਜ ਕੀਤਾ ਜਾਂਦਾ ਹੈ ।

ਪਟੀਸ਼ਨਰ ਨੇ ਦੋਸ਼ ਲਾਇਆ ਕਿ ਉਸ ਨੂੰ ਜਵਾਬਦੇਹ ਹੰਸ ਰਾਜ ਨਈਅਰ ਨਾਮਕ ਠੇਕੇਦਾਰ ,ਦੁਆਰਾ, ਟਰੱਕ ਡਰਾਈਵਰ ਵਜੋਂ, ਇੱਕ ਅਕਤੂਬਰ 1958 ਤੋਂ 15 ਫਰਵਰੀ 1959 ਤੱਕ 150 ਪ੍ਰਤੀ ਮਹੀਨਾਵਾਰ ਨੌਕਰੀ ਦਿੱਤੀ ਗਈ / ਉਸ ਨੇ ਦਾਅਵਾ ਕੀਤਾ ਕਿ 1 ਦਸੰਬਰ 1958 ਤੋਂ 15 ਫਰਵਰੀ 1959 ਤੱਕ ਰੁਪਏ 2,391.11 nP ਦੀ ਰਕਮ ਉਸ ਦੀ ਆਮ ਤਨਖ਼ਾਹ ਸਮੇਤ ਰੁਪਏ 1,360.75 nP ਉਸਦੇ ਪੂਰੇ ਸਮੇਂ ਦੌਰਾਨ ਓਵਰਟਾਈਮ ਦੀ ਗਿਣਤੀ ਰੁਜ਼ਗਾਰ ਅਤੇ 400 ਰੁਪਏ ਛੁੱਟੀ ਵਾਲੇ ਦਿਨ ਉਸ ਦੇ ਕੀਤੇ ਕੰਮ ਲਈ/ ਉਸ ਦੇ ਦਾਅਵੇ ਨੂੰ ਮਾਲਕ ਦੁਆਰਾ ਇਨਕਾਰ ਕਰ ਦਿੱਤਾ ਗਿਆ ਸੀ ਜਿਨ੍ਹਾਂ ਨੇ ਦੋਸ਼ ਲਾਇਆ ਕਿ 1 ਤੋਂ 16 ਦਸੰਬਰ 1958 ਤੱਕ ਰੁਜ਼ਗਾਰ ਪੀਰੀਅਡ ਵਿੱਚ ਬਰੇਕ ਲੱਗੀ ਹੋਈ ਹੈ ਅਤੇ ਇਹ ਵੀ ਇਨਕਾਰ ਕੀਤਾ ਕਿ ਕੋਈ ਰਕਮ ਓਵਰਟਾਈਮ ਜਾਂ ਛੁੱਟੀ ਵਾਲੇ ਦਿਨ ਕੀਤੇ ਕੰਮ ਦੇ ਕਾਰਨ ਬਕਾਇਆ ਸੀ/ ਉਸ ਦੋਸ਼ ਲਾਇਆ ਕਿ ਪਟੀਸ਼ਨਰ ਨੂੰ ਨੌਕਰੀ ਦੀ ਮਿਆਦ ਲਈ ਪੂਰੀ ਤਨਖਾਹ ਦਿੱਤੀ ਗਈ ਹੈ ਅਤੇ ਇਹ ਵੀ 15 ਫਰਵਰੀ, 1959 ਨੂੰ ਪਟੀਸ਼ਨਰ ਨੂੰ 95 ਰੁਪਏ ਦੀ ਰਕਮ ਪੈਟਰੋਲ ਅਤੇ ਹੋਰ ਚੀਜ਼ਾਂ ਖਰੀਦਣ ਲਈ, ਨਾਲ ਸੌਂਪਿਆ ਗਿਆ, ਜਿਸਦੀ ਉਸਨੇ ਦੁਰਵਰਤੋਂ ਕੀਤੀ/

ਅਥਾਰਟੀ ਇਸ ਤੋਂ ਬਿਲਕੁਲ ਵੀ ਪ੍ਰਭਾਵਿਤ ਨਹੀਂ ਸੀ ਪਟੀਸ਼ਨਕਰਤਾ ਦੇ ਸਬੂਤ ਖਾਸ ਕਰਕੇ ਖਾਤੇ 'ਤੇ ਇਸ ਤੱਥ ਦੇ ਕਿ ਹਾਲਾਂਕਿ ਉਸਨੇ ਤਿੰਨ ਰਸੀਦਾਂ 'ਤੇ ਰੁਪਏ 240, ਰੁ. 18, ਅਤੇ ਰੁ. 150 ਆਪਣੇ ਦਸਤਖਤ ਸਵੀਕਾਰ ਕੀਤੇ ਹਨ, ਉਸਨੇ ਰਕਮਾਂ ਪ੍ਰਾਪਤ ਕਰਨ ਤੋਂ ਇਨਕਾਰ ਕੀਤਾ, ਅਤੇ ਇਹ ਸਵੀਕਾਰ ਕਰ ਲਿਆ ਹੈ , ਅਤੇ ਰੁਜ਼ਗਾਰਦਾਤਾ ਦੇ ਸਬੂਤ ਤੇ ਭਰੋਸਾ ਕੀਤਾ ਕਿ ਪਟੀਸ਼ਨਕਰਤਾ ਨੇ 1 ਤੋਂ 15 ਦਸੰਬਰ ਤੱਕ ਉਸ ਲਈ ਕੰਮ ਨਹੀਂ ਕੀਤਾ ਇਹ ਵੀ ਕਿ ਉਸਨੇ 95 ਰੁਪਏ ਦੀ ਗਬਨ ਕੀਤੀ ਸੀ , ਜੋ ਖਰੀਦਦਾਰੀ ਕਰਨ ਲਈ ਉਸਨੂੰ ਦਿਤੇ ਸਨ/ ਇਹ ਮਨਇਆ ਗਿਆ ਕਿ ਪਟੀਸ਼ਨਰ ਦਾ ਦਾਅਵਾ ਬੇਤੁਕਾ ਸੀ ਅਤੇ ਉਸ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਗਿਆ /

ਮੁੱਢਲਾ ਇਤਰਾਜ਼ ਉਠਾਇਆ ਗਿਆ ਹੈ ਕਿ ਸੀ ਕੋਈ ਰੀਵੀਜ਼ਨ ਪਟੀਸ਼ਨ ਬਨਦੀ ਨਹੀਂ ਹੈ ਅਤੇ ਜੇਕਰ ਪਟੀਸ਼ਨ ਸੰਵਿਧਾਨ ਦੀ ਧਾਰਾ ਆਰਟੀਕਲ 226 ਜਾਂ 227 ਦੇ ਤਹਿਤ ਦਾਇਰ ਮੰਨਿਆ ਜਾਣਾ ਸੀ, ਤਾਂ ਇਹ ਇਸ ਅਧਾਰ ਤੇ ਗ਼ਲਤ ਸੀ ਕੇ ਅਥਾਰਟੀ ਨੂੰ ਜਵਾਬਦੇਹ ਵਜੋਂ ਸ਼ਾਮਿਲ ਨਹੀਂ ਕੀਤਾ ਗਯਾ/

ਅਸਲ ਵਿੱਚ, ਹਾਲਾਂਕਿ ਪਾਰਟੀਆਂ ਦੇ ਮੈਮੋਰੰਡਮ ਵਿੱਚ ਪਟੀਸ਼ਨ ਨੂੰ ਸਿਵਲ ਰਿਵੀਜ਼ਨ ਵਜੋਂ ਦਰਜ ਕੀਤਾ ਗਯਾ ਸੀ ਪਰ ਪ੍ਰਿੰਟਿਡ ਓਪਨਿੰਗ ਸ਼ੀਟ ਦਰਸਾਉਂਦੀ ਹੈ ਕਿ ਪਟੀਸ਼ਨ ਨੂੰ ਸੰਵਿਧਾਨ ਦੇ ਅਨੁਛੇਦ 226/227 ਦੇ ਤਹਿਤ ਦਾਇਰ ਕੀਤਾ ਗਿਆ।

ਇਸ ਦੇ ਬਾਵਜੂਦ ਪਟੀਸ਼ਨਕਰਤਾ ਦੇ ਵਕੀਲ ਨੇ ਦਲੀਲ ਦਿੱਤੀ ਹੈ ਕਿ ਅਥਾਰਟੀ ਦੇ ਐਕਟ ਦੀ ਧਾਰਾ 21 ਦੇ ਤਹਿਤ ਆਦੇਸ਼ ਨੂੰ , ਸਿਵਲ ਪ੍ਰੋਸੀਜਰ ਕੋਡ ਧਾਰਾ 115 ਦੇ ਤਹਿਤ ਇੱਕ ਆਮ ਸੋਧ ਪਟੀਸ਼ਨ, ਰਾਹੀਂ ਚੁਣੌਤੀ ਦਿੱਤੀ ਜਾ ਸਕਦੀ ਹੈ, ਤੇ ਉਸਨੇ ਵਰਕਸ ਮੈਨੇਜਰ ਕੈਰੇਜ ਅਤੇ ਵੈਗਨ ਦੀਆਂ ਦੁਕਾਨਾਂ, ਮੁਗਲਪੁਰਾ ਬਨਾਮ ਕੇ.ਜੀ. ਹਸ਼ਮਤ, ਦੇ ਮੁਕਦਮੇ ਤੇ ਫੁੱਲ ਬੈਂਚ ਦੇ ਫੈਸਲੇ 'ਤੇ ਭਰੋਸਾ ਕੀਤਾ (1), ਜਿਸ ਵਿੱਚ ਇਹ ਦਸਿਆ ਗਿਆ ਸੀ ਕਿ ਪੇਮੈਂਟ ਓਫ wages ਐਕਟ, 1936, ਦੀ ਧਾਰਾ 15 ਦੇ ਤਹਿਤ ਨਿਯੁਕਤ ਅਥਾਰਟੀ ਨੂੰ ਸਿਵਲ ਅਦਾਲਤ ਮੰਨਿਆ ਜਾਣਾ ਚਾਹੀਦਾ ਹੈ ਅਤੇ ਧਾਰਾ 115, ਸਿਵਲ ਪ੍ਰਕਿਰਿਆ ਕੋਡ, ਅਤੇ ਸੈਕਸ਼ਨ

44, ਪੰਜਾਬ ਕੋਰਟਸ ਐਕਟ, ਤਹਿਤ ਹਾਈ ਕੋਰਟ ਦੇ ਅਧੀਨ ਅਦਾਲਤ ਮੰਨਿਆ ਜਾਣਾ ਚਾਹੀਦਾ ਹੈ/ ਨਿਰਣੇ ਤੋਂ ਇਹ ਸਪੱਸ਼ਟ ਹੈ ਕਿ ਪੇਮੈਂਟ ਆਫ ਵੇਜ ਐਕਟ ਦੇ ਪ੍ਰਵਿਜਨ, ਦਿੱਲੀ ਦੁਕਾਨਾਂ ਅਤੇ ਸਥਾਪਨਾ ਐਕਟ ਤੋਂ ਕਾਫ਼ੀ ਵੱਖਰੇ ਹਨ, ਪੇਮੈਂਟ ਆਫ ਵੇਜ ਐਕਟ ਦੇ ਪ੍ਰਵਿਜਨ, ਜਿਸ ਨੇ ਮੁੱਖ ਤੌਰ ਤੇ ਮਾਣਯੋਗ ਜੱਜਾਂ ਦੇ ਫੈਸਲੇ ਨੂੰ ਪ੍ਰਭਾਵਿਤ ਕੀਤਾ ਸੀ ਕੇ ਅਥਾਰਟੀ ਹਾਈ ਕੋਰਟ ਦੇ ਅਧੀਨ ਅਦਾਲਤ ਮੰਨਿਆ ਜਾਣਾ ਚਾਹੀਦਾ ਹੈ, ਹੁਣ ਵਿਚਾਰ ਅਧੀਨ ਐਕਟ ਵਿੱਚ ਮੌਜੂਦ ਨਹੀਂ ਹਨ/ ਵਾਸਤਵ ਵਿੱਚ, ਇੱਕੋ ਇੱਕ ਪ੍ਰਵਿਜਨ ਜੋ ਦੋਵਾਂ ਐਕਟਾਂ ਵਿੱਚ ਆਮ ਜਾਪਦਾ ਹੈ, ਅਥਾਰਟੀ ਦੇ ਕਾਰਜਾਂ ਦੇ ਸਬੰਧ ਵਿੱਚ ਹੈ, ਅਤੇ ਇਹ ਪ੍ਰਦਾਨ ਕਰਦਾ ਹੈ ਕਿ ਅਥਾਰਟੀ ਕੋਲ ਸਿਵਲ ਪ੍ਰਕਿਰਿਆ ਦੇ ਕੋਡ ਦੇ ਅਧੀਨ ਸਿਵਲ ਅਦਾਲਤ ਦੀਆਂ ਸ਼ਕਤੀਆਂ, ਇਹ ਪ੍ਰਦਾਨ ਕਰਦਾ ਹੈ ਕਿ ਅਥਾਰਟੀ ਕੋਲ ਸਾਰੀਆਂ ਸਬੂਤ ਲੈਣ ਅਤੇ ਗਵਾਹਾਂ ਦੀ ਹਾਜ਼ਰੀ ਨੂੰ ਲਾਗੂ ਕਰਨ ਅਤੇ ਦਸਤਾਵੇਜ਼ਾਂਨੂੰ ਪੇਸ਼ ਕਰਨ ਲਈ ਮਜਬੂਰ ਕਰਨਾ, ਹਰ ਅਜਿਹੀ ਅਥਾਰਟੀ ਨੂੰ ਧਾਰਾ 195 ਅਤੇ ਅਧਿਆਏ ਦੇ ਸਾਰੇ ਉਦੇਸ਼ਾਂ ਲਈ ਸਿਵਲ ਅਦਾਲਤ ਮੰਨਿਆ ਜਾਵੇਗਾ ਅਤੇ ' ਕੋਡ ਆਫ ਕ੍ਰਿਮੀਨਲ ਪ੍ਰੋਸੀਜਰ,ਦੇ ਚੈਪਟਰ X X X V, 1898 ਅਧੀਨ/

ਇਹ ਪ੍ਰਵਿਜਨ ਆਪਣੇ ਆਪ ਵਿੱਚ, ਹਾਲਾਂਕਿ, ਧਾਰਾ 115, ਸਿਵਲ ਪ੍ਰਕਿਰਿਆ ਕੋਡ ਦੇ ਅਧੀਨ ਅਥਾਰਟੀ ਨੂੰ ਬਤੌਰ ਸਿਵਲ ਕੋਰਟ, ਹਾਈ ਕੋਰਟ ਦੇ ਅਧੀਨ ਨਹੀਂ ਬਣਾ ਦੇਵੇਗੀ ਅਤੇ ਅਜਿਹਾ ਲਗਦਾ ਹੈ ਕਿ ਪੇਮੈਂਟ ਆਫ ਵੇਜ ਐਕਟ ਅਧੀਨ ਅਥਾਰਟੀ ਨੂੰ ਅਦਾਲਤ ਇਸ ਲਈ ਮਨਯਾ ਜਾਣਾ ਚਾਹੀਦਾ ਕਿਉਂਕਿ ਐਕਟ ਦੀ ਧਾਰਾ 17 ਅਧੀਨ ਅਥਾਰਟੀ ਦੇ ਕੁਛ ਹੁਕਮਾਂ ਖਿਲਾਫ ਕੋਰਟ ਓਫ ਸਮਾਲ ਕੌਸੇਸ ਇਨ ਪ੍ਰੇਸੀਡੈਂਸੀ ਟਾਊਂਸ, ਜਾਂ ਜ਼ਿਲਾ ਅਦਾਲਤ, ਪਾਸ ਅਪੀਲ ਕੀਤੀ ਜਾ ਸਕਦੀ ਹੈ, ਅਤੇ ਇਹ ਵੀ ਉਸ ਐਕਟ ਦੀ ਧਾਰਾ 22, ਸਿਵਲ ਅਦਾਲਤਾਂ ਦੇ ਅਧਿਕਾਰ ਖੇਤਰ ਨੂੰ ਰੋਕਦੀ ਹੈ, ਉਸ ਕਲੇਮ ਵਿਚ, ਜਿਸ ਵਿਚ ਐਕਟ ਦੀ ਧਾਰਾ 15 ਅਧੀਨ ਅਥਾਰਟੀ ਦੀ ਅਰਜ਼ੀ ਪਰ ਨਿਰਣਾ ਕੀਤਾ ਜਾ ਸਕਦਾ ਹੈ/

ਦੂਜੇ ਪਾਸੇ, ਦਿੱਲੀ ਦੀਆਂ ਦੁਕਾਨਾਂ ਅਤੇ ਸਥਾਪਨਾ ਐਕਟ ਵਿੱਚ ਇਹਨਾਂ ਵਿੱਚੋਂ ਕੋਈ ਵੀ ਵਿਵਸਥਾ ਨਹੀਂ ਹੈ ਅਤੇ ਨਾ ਹੀ ਇਸ ਵਿੱਚ ਕਿਸੇ ਵੀ ਅਪੀਲ ਜਾਂ ਸੰਸ਼ੋਧਨ ਲਈ ਕੋਈ ਵੀ ਵਿਵਸਥਾ ਸ਼ਾਮਲ ਹੈ, ਅਤੇ ਜ਼ਾਹਰ ਤੌਰ 'ਤੇ ਇਸ ਐਕਟ ਦੇ ਅਧੀਨ ਕਿਸੇ ਵੀ ਵਿਅਕਤੀ,

ਜਿਸਦਾ ਦਾਅਵਾ ਹੈ, ਨੂੰ ਇੱਕ ਆਮ ਸਿਵਲ ਮੁਕੱਦਮੇ ਦੇ ਜ਼ਰੀਏ ਇਸਨੂੰ ਲਾਗੂ ਕਰਨ ਤੋਂ ਰੋਕਣ ਲਈ ਕੁਝ ਵੀ ਨਹੀਂ ਹੈ। ਹਾਲਾਤ ਵਿੱਚ ਮੇਰੀ ਇਹ ਰਾਏ ਹੈ ਕਿ ਅਥਾਰਟੀ ਦੇ ਹੁਕਮ ਨੂੰ ਸੰਵਿਧਾਨ ਦੇ ਅਨੁਛੇਦ 226 ਜਾਂ 227 ਦੇ ਤਹਿਤ ਪ੍ਰਮਾਣਿਕਤਾ ਦੇ ਮਾਧਿਅਮ ਨਾਲ ਹੀ ਚੁਣੌਤੀ ਦਿੱਤੀ ਜਾ ਸਕਦੀ ਹੈ ਅਤੇ ਮੈਨੂੰ ਨਹੀਂ ਲਗਦਾ ਕਿ ਇਸ ਤਜਵੀਜ਼ ਬਾਰੇ ਕੋਈ ਸ਼ੱਕ ਹੋ ਸਕਦਾ ਹੈ ਕਿ ਅਜਿਹੀ ਸਥਿਤੀ ਵਿੱਚ ਅਥਾਰਟੀ ਇੱਕ ਜ਼ਰੂਰੀ ਧਿਰ ਸੀ, ਜੋ ਕੇ ਸ਼ਾ ਦੇਵੀਚੰਦ-ਮੂਲ ਚੰਦ ਬਨਾਮ ਸ਼ਧੰਦਰਾਜ-ਕਾਂਤੀਲਾਲ ਵਿਚ ਅਦਾਲਤ ਵਲੋਂ ਹੁਕਮ ਹੋਇਆ(1), ਅਤੇ ਇਸ ਅਦਾਲਤ ਦੇ ਵਿਦਵਾਨ ਜੱਜਾਂ ਦੁਆਰਾ ਫਾਲਗੂ ਦੱਤ ਬਨਾਮ ਸ਼੍ਰੀਮਤੀ ਪੁਸ਼ਪਾਵੰਤੀ ਅਤੇ ਹੋਰਾਂ ਵਿੱਚ (2), ਅਤੇ ਦਿ ਹੁਸ਼ਿਆਰਪੁਰ ਆਜ਼ਾਦ ਟਰਾਂਸਪੋਰਟਰਜ਼ (ਪ੍ਰਾਈਵੇਟ), ਲਿਮਿਟੇਡ, ਹੁਸ਼ਿਆਰਪੁਰ ਬਨਾਮ ਪੰਜਾਬ ਰਾਜ ਅਤੇ ਹੋਰ । (3)। ਮੈਂ ਇਸ ਪਟੀਸ਼ਨ ਨੂੰ ਧਾਰਾ 226 ਜਾਂ 227 ਅਧੀਨ ਅਦਾਲਤ ਵਿਚ ਨਹੀਂ ਚਲਾ ਸਕਦਾ ਕਿਉਂਕਿ ਇਸ ਕਿਸਮ ਦੀਆਂ ਪਟੀਸ਼ਨਾਂ ਬਿਲਕੁਲ ਵੱਖਰੇ ਰੂਪ ਵਿੱਚ ਦਾਇਰ ਕੀਤੀਆਂ ਜਾਣੀਆਂ ਹਨ। ਇਸ ਸਥਿਤੀ ਵਿਚ ਮੈਰਿਟ ਵਿਚ ਗਏ ਬਿਨਾ, ਮੈਂ ਇਸ ਨੂੰ ਖਾਰਜ ਕਰਦਾ ਹੈਂ ਪਰ ਪਾਰਟੀਆਂ ਆਪਣਾ ਖਰਚਾ ਆਪ ਚੁਕਣਗੀਆਂ

ਨੋਟ

ਡਿਸਕਲੇਮਰ– ਸਥਾਨਕ ਭਾਸਾ ਵਿੱਚ ਅਨੁਵਾਦ ਕੀਤਾ ਨਿਆ ਨਿਰਣਾ ਕੇਵਲ ਮੁਕੱਦਮੇਬਾਜਾਂ ਲਈ ਉਹਨਾਂ ਦੀ ਆਪਣੀ ਭਾਸ਼ਾ ਵਿੱਚ ਸਮਝਣ ਤੱਕ ਹੀ ਸੀਮਤ ਹੈ ਅਤੇ ਇਸ ਦਾ ਕੋਈ ਹੋਰ ਉਦੇਸ਼ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਸਾਰੇ ਵਿਹਾਰਕ ਅਤੇ ਅਧਿਕਾਰਿਤ ਮੰਤਵਾਂ ਲਈ, ਨਿਆ ਨਿਰਣੇ ਦਾ ਅੰਗਰੇਜੀ ਸੰਸਕਰਣ ਪ੍ਰਮਾਣਿਕ ਹੋਵੇਗਾ ਅਤੇ ਅਮਲ ਲਾਗੂ ਕਰਨ ਲਈ ਇਸ ਨੂੰ ਤਰਜੀਹ ਨਹੀਂ ਦਿੱਤੀ ਜਾਵੇਗੀ।

ਅਨੁਵਾਦਕ ਸੁਖਪਾਲ ਕੌਰ

ਅਨੁਵਾਦਕ ਸੁਖਪਾਲ ਕੌਰ